**ਰੋਜਾਨਾ ਕਰਾਇਮ ਰਿਪੋਰਟ ਮਿਤੀ 29.09.2023**

| ਲੜੀ ਨੰ: | ਥਾਣਾ | ਮੁੱ.ਨੰ. ਅਤੇ ਮਿਤੀ | ਅਧੀਨ ਧਾਰਾ | ਮੁਦਈ ਦਾ ਪੂਰਾ ਨਾਮ ਅਤੇ ਮੋ:ਨੰ: | ਦੋਸ਼ੀਆਂ ਦਾ ਵੇਰਵਾ | ਸੰਖੇਪ ਹਾਲਾਤ | ਮਾਲ ਮੁਕੱਦਮਾ ਦਾ ਵੇਰਵਾ | Mobile ਦੀ ਖੋਹ | ਫਰਾਸਿਕ ਟੀਮ | GO SHO | ਤਫਤੀਸ਼ੀ ਅਫਸਰ, ਮੋ:ਨੰ: |
|---|---|---|---|---|---|---|---|---|---|---|---|
| 1. | ਸਿਟੀ ਰਾਏਕੋਟ | 71 ਮਿਤੀ 29.09.23 | 279,304A IPC | ਜਗਨ ਸਿੰਘ ਪੁੱਤਰ ਅਜੈਬ ਸਿੰਘ ਪੁੱਤਰ ਬਚਨ ਸਿੰਘ ਵਾਸੀ ਦੱਧਾਹੂਰ ਉਮਰ ਕਰੀਬ 65 ਸਾਲ, 94789-52492 | ਕੈਂਟਰ ਨੰਬਰ DL 1 LW 7471 ਮਾਰਕਾ ਆਈਸ਼ਰ ਦੇ ਨਾ ਮਲੂੰਮ ਡਰਾਈਵਰ | ਮੁਦਈ ਨੇ ਬਿਆਨ ਕੀਤਾ ਕਿ ਕੱਲ ਮਿਤੀ 28.09.23 ਨੂੰ ਹੀ ਅਸੀਂ ਦੋਵੇਂ ਭਰਾ ਪਿੰਡ ਬੱਦੋਵਾਲ ਵਿਖੇ ਲੈਂਟਰ ਪੈਣ ਤੋਂ ਬਾਅਦ ਆਪਣੇ-2 ਮੋਟਰਸਾਇਕਲਾਂ ਪਰ ਵਾਪਸ ਆਪਣੇ ਘਰ ਦੱਧਾਹੂਰ ਨੂੰ ਵਕਤ ਕਰੀਬ 7.00 PM ਵਜੇ ਚੱਲ ਪਏ ਮੇਰਾ ਭਰਾ ਭਜਨ ਸਿੰਘ ਆਪਣੇ ਮੋਟਰਸਾਇਕਲ ਨੰਬਰ PB 10 EE 9546 ਮਾਰਕਾ ਡਿਸਕਵਰ ਪਰ ਮੇਰੇ ਤੋਂ ਅੱਗੇ-ਅੱਗੇ ਜਾ ਰਿਹਾ ਸੀ ਅਤੇ ਮੈਂ ਆਪਣੇ ਮੋਟਰਸਾਇਕਲ ਪਰ ਉਸਦੇ ਥੋੜਾ ਜਿਹਾ ਹੀ ਪਿੱਛੇ ਆ ਰਿਹਾ ਸੀ।ਜਦੋ ਅਸੀਂ ਪਿੰਡ ਨੂਰਪੁਰਾ ਥੋੜਾ ਅੱਗੇ ਬਾਂਸਲ ਨਰਸਿੰਗ ਕਾਲਜ ਰਾਏਕੋਟ ਦੇ ਨਜਦੀਕ ਪੁੱਜੇ ਤਾਂ ਵਕਤ ਕਰੀਬ 08.30 PM ਦਾ ਹੋਵੇਗਾ ਕਿ ਸਾਡੇ ਸਾਹਮਣੇ ਰਾਏਕੋਟ ਸਾਈਡ ਤੋਂ ਇੱਕ ਕੈਂਟਰ ਮਾਰਕਾ ਆਈਸ਼ਰ ਬੰਦ ਬਾਡੀ ਨੰਬਰੀ DL1 LW 7471 ਜਿਸਦੇ ਸਾਹਮਣੇ ਕੈਬਨ ਦੇ ਉੱਪਰ ਹਿੰਦੀ ਵਿੱਚ ਡਾਕ ਪਾਰਸਲ ਲਿਖਿਆ ਹੋਇਆ ਸੀ, ਬੁਹਤ ਹੀ ਤੇਜ ਰਫਤਾਰ ਨਾਲ ਆਇਆ।ਜਿਸਦੇ ਨਾ-ਮਲੂਮ ਡਰਾਈਵਰ ਨੇ ਬੁਹਤ ਹੀ ਤੇਜ ਰਫਤਾਰੀ ਤੇ ਲਾਪਰਵਾਹੀ ਨਾਲ ਆਪਣਾ ਉਕਤ ਕੈਂਟਰ ਅੱਗੇ ਤੋਂ ਲਿਆ ਕੇ ਮੇਰੇ ਦੇਖਦੇ ਦੇਖਦੇ ਮੇਰੇ ਭਰਾ ਭਜਨ ਸਿੰਘ ਦੇ ਉਕਤ ਮੋਟਰਸਾਇਕਲ ਵਿੱਚ ਮਾਰਿਆ।ਜਿਸ ਕਾਰਨ ਮੇਰਾ ਭਰਾ ਭਜਨ ਸਿੰਘ ਆਪਣੇ ਮੋਟਰਸਾਇਕਲ ਸਮੇਤ ਸੜਕ ਪਰ ਡਿੱਗ ਪਿਆ, ਉਸਦੇ ਸਿਰ ਵਿੱਚ ਬਹੁਤ ਗੰਭੀਰ ਸੱਟ ਲੱਗੀ ਅਤੇ ਉਸਦੇ ਬਹੁਤ ਜਿਆਦਾ ਖੁਨ ਵਗ ਰਿਹਾ ਸੀ, ਜਿੱਥੋਂ ਮੈਂ ਉਕਤ ਨਾ-ਮਲੂਮ ਕੈਂਟਰ ਡਰਾਈਵਰ ਦੀ ਮੱਦਦ ਨਾਲ ਆਪਣੇ ਭਰਾ ਭਜਨ ਸਿੰਘ ਨੂੰ ਇਲਾਜ ਲਈ ਸਿਵਲ ਹਸਪਤਾਲ ਰਾਏਕੋਟ ਲੈ ਆਇਆ।ਜਿਥੇ ਡਾਕਟਰ ਸਾਹਿਬ ਨੇ ਮੇਰੇ ਭਰਾ ਭਜਨ ਸਿੰਘ ਨੂੰ ਮ੍ਰਿਤਕ ਕਰਾਰ ਦਿੱਤਾ। ਉਕਤ ਕੈਂਟਰ ਦਾ ਨਾ ਮਲੂਮ ਡਰਾਈਵਰ ਸਿਵਲ ਹਸਪਤਾਲ ਰਾਏਕੋਟ ਵਿੱਚ ਹੀ ਆਪਣਾ ਕੈਂਟਰ ਛੱਡ ਕੇ ਫਰਾਰ ਹੋ ਗਿਆ।ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | -- | -- | -- | -- | ASI ਰਵਿੰਦਰ ਕੁਮਾਰ 27 88476-18566 |
| 2. | ਜੋਧਾ | 89 ਮਿਤੀ 29.09.23 | 306 IPC | ਅਮਰੀਕ ਸਿੰਘ ਪੁੱਤਰ ਨਗਿੰਦਰ ਸਿੰਘ ਵਾਸੀ ਸਰਾਭਾ 99144-09661 | 1.ਕਮਲ ਵਾਸੀ ਖੰਡੂਰ ਹਾਲ ਪਿੰਡ ਚਮਿੰਡਾ।<br><br>2.ਹਰਪ੍ਰੀਤ ਸਿੰਘ ਪੁੱਤਰ ਬਿੱਕਰ ਸਿੰਘ।<br><br>3.ਮਨਰੀਤ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀਆਨ ਦਾਊਧਰ (ਮੋਗਾ)। | ਮੁੱਦਈ ਨੇ ਬਿਆਨ ਕੀਤਾ ਕਿ ਮਾਂਹ ਅਗਸਤ ਦੇ ਅਖੀਰਲੇ ਦਿਨਾਂ ਵਿੱਚ ਮੇਰੀ ਲੜਕੀ ਮਨਦੀਪ ਕੌਰ ਨੂੰ ਕਮਲ ਵਾਸੀ ਖੰਡੂਰ ਜੋ ਕਿ ਪਿੰਡ ਚਮਿੰਡਾ ਵਿਆਹੀ ਹੋਈ ਨੇ ਆਪਣੀ ਰਿਸ਼ਤੇਦਾਰੀ ਵਿੱਚੋ ਹਰਪ੍ਰੀਤ ਸਿੰਘ ਪੁੱਤਰ ਬਿੱਕਰ ਸਿੰਘ ਅਤੇ ਮਨਰੀਤ ਕੌਰ ਪਤਨੀ ਹਰਪ੍ਰੀਤ ਸਿੰਘ ਵਾਸੀ ਦਾਊਧਰ (ਮੋਗਾ) ਪਾਸੋ 80 ਹਜਾਰ ਰੁਪੈ, 10 % ਵਿਆਜ ਦੇ ਹਿਸਾਬ ਨਾਲ ਦਿਵਾਏ ਸਨ।ਜੋ ਕਿ ਮੇਰੀ ਲੜਕੀ ਮਨਦੀਪ ਕੌਰ ਨੇ ਦੋ ਮਹੀਨੇ ਬਾਅਦ ਇੱਕ ਲੱਖ ਰੁਪੈ ਮੋੜਨੇ ਕੀਤੇ ਸਨ।ਪਰ ਹੁਣ ਕਮਲ ਸਮੇਤ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਮਨਰੀਤ ਕੌਰ ਮੇਰੀ ਲੜਕੀ ਨੂੰ ਤੰਗ ਪ੍ਰੇਸ਼ਾਨ ਕਰ ਰਹੇ ਸਨ ਕਿ ਤੂੰ ਸਾਨੂੰ 28 ਸਤੰਬਰ ਨੂੰ ਹੀ ਸਾਡੇ 80 ਹਜਾਰ ਰੁਪੈ ਵਾਪਸ ਕਰੋ।ਮਿਤੀ 28.09.2023 ਨੂੰ ਸਵੇਰੇ 06 ਵਜੇ ਕਮਲ ਸਮੇਤ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਮਨਰੀਤ ਕੌਰ ਨੇ ਪਿੰਡ ਖੰਡੂਰ ਮਨਦੀਪ ਕੌਰ ਦੇ ਘਰ ਆ ਕੇ ਉਸਨੂੰ ਬਹੁਤ ਤੰਗ ਪ੍ਰੇਸ਼ਾਨ ਕੀਤਾ ਕਿ ਤੂੰ ਸਾਨੂੰ ਹੁਣੇ ਹੀ ਸਾਡੇ ਬਣਦੇ 80 ਹਜਾਰ ਰੁਪੈ ਦੇ।ਇਹ ਸਾਰੀ ਗੱਲ ਸਾਨੂੰ ਮਨਦੀਪ ਕੌਰ ਨੇ ਫੋਨ ਪਰ ਦੱਸੀ ਸੀ, ਜਿਸਤੋ ਬਾਅਦ ਮੇਰੀ ਪਤਨੀ ਸਰਬਜੀਤ ਕੌਰ ਉਸੇ ਸਮੇਂ ਹੀ ਪਿੰਡ ਖੰਡੂਰ ਮਨਦੀਪ ਕੌਰ ਦੇ ਘਰ ਆ ਗਈ ਸੀ।ਜਿਸਨੇ ਵੀ ਕਮਲ ਸਮੇਤ ਹਰਪ੍ਰੀਤ ਸਿੰਘ ਅਤੇ ਉਸਦੀ ਪਤਨੀ ਮਨਰੀਤ ਕੌਰ ਨਾਲ ਗੱਲਬਾਤ ਕੀਤੀ ਕਿ ਤੁਸੀ ਸਾਨੂੰ ਦੋ ਦਿਨ ਦਾ ਸਮਾ ਦੇ ਦਿਓ ਅਸੀ ਖੁਦ ਤੁਹਾਡੇ ਪੈਸੇ ਵਾਪਸ ਕਰ ਦੇਵਾਂਗੇ, ਪਰ ਫਿਰ ਵੀ ਇਹ ਨਹੀ ਮੰਨੇ ਅਤੇ ਪਰ ਫਿਰ ਇਹ ਸਾਰੇ ਜਾਣੇ ਮੇਰੀ ਲੜਕੀ ਮਨਦੀਪ ਕੌਰ ਨਾਲ ਲੜਾਈ ਝਗੜਾ ਕਰਕੇ ਚਲੇ ਗਏ।ਅੱਜ ਸ਼ਾਮ ਵਕਤ ਕਰੀਬ 08 ਵਜੇ ਸਾਨੂੰ ਪਿੰਡ ਖੰਡੂਰ ਤੋ ਫੋਨ ਆਇਆ ਕਿ ਤੁਹਾਡੀ ਲੜਕੀ ਮਨਦੀਪ ਕੌਰ ਨੇ ਆਪਣੇ ਕਮਰੇ ਵਿੱਚ ਪੱਖੇ ਨਾਲ ਫਾਹਾ ਲੈ ਲਿਆ ਹੈ।ਜਿਸ ਤੇ ਮੁੱਕਦਮਾ ਦਰਜ ਰਜਿਸਟਰ ਕੀਤਾ ਗਿਆ। | - | - | - | - | ASI ਬਲਜੀਤ ਸਿੰਘ 742 ਥਾਣਾ ਜੋਧਾ 85560-19234 |

| | | | | | | | | | | | |
|---|---|---|---|---|---|---|---|---|---|---|---|
| 3. | ਸਦਰ ਜਗਰਾਉ | 183 ਮਿਤੀ 29.09.23 | 22/61/85 NDPS ACT | ASI ਪਰਮਜੀਤ ਸਿੰਘ 420 ਚੌਕੀ ਕਾਉਂਕੇ ਕਲਾਂ 94637-96307 | ਸਤਿਨਾਮ ਸਿੰਘ ਉਰਫ ਕੋਚੀ ਪੁੱਤਰ ਮਲਕੀਤ ਸਿੰਘ ਵਾਸੀ ਬੀਹਲਾ ਪੱਤੀ ਕਾਉਕੇ ਕਲਾ ਥਾਣਾ ਸਦਰ ਜਗਰਾਉ। | ASI ਪਰਮਜੀਤ ਸਿੰਘ 420 ਸਮੇਤ ਸਾਥੀ ਕਰਮਚਾਰੀਆ ਦੇ ਬਰਾਏ ਗਸ਼ਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਚੂਹੜਚੱਕ ਚੋਕ ਕਾਉਕੇ ਕਲਾ ਮੌਜੂਦ ਸੀ, ਤਾਂ ਮੇਰੇ ਪਾਸ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਤਿਨਾਮ ਸਿੰਘ ਉਰਫ ਕੋਚੀ ਪੁੱਤਰ ਮਲਕੀਤ ਸਿੰਘ ਵਾਸੀ ਬੀਹਲਾ ਪੱਤੀ ਕਾਉਕੇ ਕਲਾ ਜੋ ਨਸ਼ੀਲੀਆ ਗੋਲੀਆ ਵੇਚਣ ਦਾ ਆਦੀ ਹੈ।ਜੋ ਅੱਜ ਵੀ ਸਤਿਨਾਮ ਸਿੰਘ ਉਰਫ ਕੋਚੀ ਉੱਕਤ ਆਪਣੇ ਘਰ ਦੇ ਬਾਹਰ ਗਲੀ ਵੱਚ ਨਸ਼ੀਲੀਆਂ ਗੋਲੀਆਂ ਆਪਨੇ ਗਾਹਕਾ ਨੂੰ ਵੇਚਣ ਲਈ ਖੜਾ ਹੈ ਜੇਕਰ ਹੁਣੇ ਰੇਡ ਕੀਤਾ ਜਾਵੇ ਤਾ ਸਤਿਨਾਮ ਸਿੰਘ ਉਰਫ ਕੋਚੀ ਭਾਰੀ ਮਾਤਰਾ ਵਿੱਚ ਨਸ਼ੀਲੀਆ ਗੋਲੀਆ ਸਮੇਤ ਰੰਗੀ ਹੱਥੀ ਕਾਬੂ ਆ ਸਕਦਾ ਹੈ ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | 210 ਖੁੱਲੀਆ ਨਸ਼ੀਲੀਆਂ ਗੋਲੀਆ। | -- | -- | -- | SI ਸੁਰਜੀਤ ਸਿੰਘ 53/ਮੋਗਾ ਇੰਚਾਰਜ ਚੋਕੀ ਕਾਉਕੇ ਕਲਾਂ 96462-92026 |
| 4. | ਸਿੱਧਵਾ ਬੇਟ | 201 ਮਿਤੀ 29.09.23 | 363,366A IPC | ਅਮਰ ਸਿੰਘ ਪੁੱਤਰ ਬਖਤਾਵਰ ਸਿੰਘ ਪੁੱਤਰ ਚਾਨਣ ਸਿੰਘ ਵਾਸੀ ਮੱਧੇਪੁਰ। 98149-79110 | ਸੰਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਉਰਫ ਮਿੰਠੂ ਪੁੱਤਰ ਮਾਲਾ ਸਿੰਘ ਵਾਸੀ ਗੋਸੂਵਾਲ ਥਾਣਾ ਮਹਿਤਪੁਰ ਜਿਲਾ ਜਲੰਧਰ। | ਮੁੱਦਈ ਨੇ ਬਿਆਨ ਕੀਤਾ ਕਿ ਮੇਰੇ ਤਿੰਨ ਲੜਕੀਆ ਹਨ ਜਿਨਾ ਵਿੱਚ ਸਭ ਤੋ ਛੋਟੀ ਰਮਨਦੀਪ ਕੌਰ ਉਰਫ ਰਮਨ ਹੈ ਰਮਨਦੀਪ ਕੌਰ ਦੀ ਜਨਮ ਤਰੀਕ 07-02-2007 ਹੈ।ਮਿਤੀ 24-09-2023 ਨੂੰ ਵਕਤ ਕਰੀਬ 10 ਵਜੇ ਮੈ ਆਪਨੀ ਲੜਕੀ ਕੁਲਵੰਤ ਕੌਰ ਉਕਤ ਨੂੰ ਉਸਦੇ ਸਹੁਰੇ ਪਿੰਡ ਮੱਲੂਵਾਲ ਨੇੜੇ ਮਖੂ ਤੋ ਲੈਣ ਚਲਿਆ ਗਿਆ ਸੀ ਤੇ ਵਕਤ ਕਰੀਬ 06 ਵਜੇ ਸਾਮ ਮੈ ਸਮੇਤ ਆਪਣੀ ਲੜਕੀ ਕੁਲਵੰਤ ਕੌਰ ਦੇ ਘਰ ਵਾਪਿਸ ਆਇਆ ਤਾ ਮੇਰੀ ਲੜਕੀ ਰਮਨਦੀਪ ਕੌਰ ਉਕਤ ਘਰ ਵਿੱਚ ਹਾਜਰ ਨਹੀ ਸੀ ਤਾ ਮੈ ਆਪਨੇ ਆਢ-ਗੁਆਢ ਤੇ ਰਿਸ਼ਤੇਦਾਰਾ ਵਿੱਚ ਪਤਾ ਕੀਤਾ ਤਾ ਮੈਨੂੰ ਮੇਰੀ ਲੜਕੀ ਵਾਰੇ ਕੋਈ ਪਤਾ ਨਹੀ ਲੱਗਾ ਸੀ ਤਾ ਅਸੀ ਕੈਮਰੇ ਵਗੈਰਾ ਆਸ-ਪਾਸ ਪਿੰਡਾ ਦੇ ਚੈਕ ਕੀਤੇ ਤਾ ਪਿੰਡ ਗੋਬਿੰਦਪੁਰ ਦੇ ਗੁਰੂਦੁਆਰਾ ਸਾਹਿਬ ਦੇ ਕੈਮਰੇ ਚੈਕ ਕਰਨ ਤੇ ਪਤਾ ਲੱਗਾ ਸੀ ਕਿ ਮੇਰੀ ਲੜਕੀ ਰਮਨਦੀਪ ਕੌਰ ਉਕਤ ਨੂੰ ਸੰਦੀਪ ਸਿੰਘ ਪੁੱਤਰ ਸੁਰਜੀਤ ਸਿੰਘ ਉਰਫ ਮਿੰਠੂ ਪੁੱਤਰ ਮਾਲਾ ਸਿੰਘ ਵਾਸੀ ਗੋਸੂਵਾਲ ਥਾਣਾ ਮਹਿਤਪੁਰ ਜਿਲਾ ਜਲੰਧਰ ਵਿਆਹ ਕਰਾਉਣੇ ਦਾ ਝਾਸਾ ਦੇਕੇ ਭਜਾਕੇ ਲੈ ਗਿਆ ਹੈ ਸੰਦੀਪ ਸਿੰਘ ਉਕਤ ਜੋ ਮੇਰੀ ਲੜਕੀ ਕੁਲਵੰਤ ਕੌਰ ਉਕਤ ਦੇ ਵਿਆਹ ਵਿੱਚ ਹਲਵਾਈਆ ਨਾਲ ਆਇਆ ਸੀ ਜਿਸਨੂੰ ਮੈ ਕੈਮਰਿਆ ਵਿੱਚ ਚੰਗੀ ਤਰਾ ਪਹਿਚਾਣ ਲਿਆ ਹੈ।ਜਿਸ ਤੇ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | - | - | - | - | ASI ਰਜਿੰਦਰ ਸਿੰਘ 73475-40325 |